**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

**ਸੇਵਾ ਵਿਖੇ**

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਵੈੱਬ ਸਾਈਟ) ਰਾਹੀਂ

ਮੀਮੋ ਨੰ ਡਿਐਸਪੀਡੀ/ਆਰਐਮਐਸਏ/2010/45861
ਮਿਤੀ ਚੰਡੀਗੜ੍ਹ 08 ਜੁਲਾਈ, 2010

**ਵਿਸ਼ਾ ਸਕੂਲਾਂ ਦੇ ਫੰਡਾਂ ਦੇ ਰੱਖ ਰਖਾਓ ਸਬੰਧੀ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੇਂ ਸਮੇਂ ਸਿਰ ਅਧਿਆਪਕਾਂ ਵੱਲੋਂ ਸਕਲੂਾਂ ਦੇ ਵਿੱਚ ਫੰਡਾਂ ਦੇ ਰੱਖ ਰਖਾਓ ਵਿੱਚ ਸ਼ਿਕਾਇਤਾਂ ਅਤੇ ਸੁਝਾਅ ਪ੍ਰਾਪਤ ਹੁੰਦੇ ਰਹੇ ਹਨ । ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਬਹੁਤ ਸਾਰੇ ਅਧਿਆਪਕਾਂ ਨੂੰ ਸਕੂਲਾਂ ਦੇ ਫੰਡਾਂ ਦੇ ਕੰਮ ਕਾਜ ਨੂੰ ਮੇਨਟੇਨ ਕਰਣਾ ਪੈਂਦਾ ਹੈ ਜਿਸ ਕਰਕੇ ਅਧਿਆਪਕਾਂ ਵੱਲੋ ਕਰਵਾਈ ਜਾ ਰਹੀਂ ਪੜ੍ਹਾਈ ਦੇ ਕੰਮ ਦਾ ਹਰਜ਼ਾ ਹੁੰਦਾ ਹੈ । ਇਸ ਤੋਂ ਇਲਾਵਾ ਇਹ ਗੱਲ ਵੀ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਸਾਰੇ ਹਾਈ, ਹਾਇਰ / ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਲਰਕ ਮੌਜੂਦ ਹੋਣ ਦੇ ਬਾਵਜੂਦ ਫੰਡਾਂ ਦੇ ਰੱਖ ਰਖਾਓ ਬਾਰੇ ਕੋਈ ਵੀ ਕਾਰਵਾਈ ਨਹੀਂ ਕਰਦੇ ਹਨ । ਇਸ ਮੁੱਦੇ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਗਿਆ ਅਤੇ ਬਾਅਦ ਵਿੱਚ ਮੁੱਖ ਦਫਤਰ ਵਿੱਚ ਕੁੱਝ ਚੁਨਿੰਦੇ ਅਧਿਆਪਕ ਅਤੇ ਦੂਜੇ ਅਮਲੇ ਦੀ ਮੀਟਿੰਗ ਬੁਲਾ ਕੇ ਸੁਝਾਅ ਪ੍ਰਾਪਤ ਕੀਤੇ ਗਏ । ਇਨ੍ਹਾਂ ਸੁਝਾਵਾਂ ਤੇ ਗੌਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ ਗਏ ਹਨ :-

1. ਸਕੂਲਾਂ ਵਿੱਚ ਚੱਲਦੇ ਵੱਖੋ ਵੱਖ ਫੰਡ ਜਿਵੇਂ ਕਿ ਪੀ.ਟੀ.ਏ. ਫੰਡ, ਅਮਲਗਾਮੇਟਿਡ ਫੰਡ, ਸਪੋਰਟਸ ਫੰਡ, ਪਸਵਕ ਫੰਡ, ਐਸ.ਸੀ. / ਬੀ.ਸੀ. ਵਿਦਿਆਰਥੀਆਂ ਦੇ ਵਜੀਫਿਆਂ ਸਬੰਧੀ ਰਿਕਾਰਡ ਦੇ ਰੱਖ ਰਖਾਓ ਸਬੰਧੀ ਕਲਾਸ ਵਾਇਜ ਉਪਰੋਕਤ ਸਾਰੇ ਫੰਡ ਸ਼੍ਰੇਣੀ ਇੰਨਚਾਰਜਾਂ ਵੱਲੋਂ ਇਕੱਠੇ ਕੀਤੇ ਜਾਣੇ ਚਾਹੀਦੇ ਹਨ ਅਤੇ ਐਸ.ਸੀ./ਬੀ.ਸੀ. ਵਿਦਿਆਰਥੀਆਂ ਦੇ ਵਜੀਫੇ ਸ਼੍ਰੇਣੀ ਇੰਨਚਾਰਜਾਂ ਵੱਲੋਂ ਹੀ ਵਿਦਿਆਰਥੀਆਂ ਨੂੰ ਵੰਡੇ ਜਾਣੇ ਚਾਹੀਦੇ ਹਨ ।

2. ਸਕੂਲ ਪੱਧਰ ਤੇ ਉਕਤ ਸਾਰੇ ਫੰਡਾਂ / ਵਜੀਫਿਆਂ ਦਾ ਰੱਖ ਰਖਾਓ ਸਕੂਲ ਕਲਰਕ ਵੱਲੋਂ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਅਤੇ ਜੇ ਕਿਤੇ ਕਿਸੇ ਸਕੂਲ ਵਿੱਚ ਕਲਰਕ ਨਾ ਹੋਵੇ ਤਾਂ ਉਸ ਦੀ ਥਾਂ ਇਸ ਕੰਮ ਲਈ ਸਕੂਲ ਮੁੱਖੀ ਆਪਣੇ ਸਕੂਲ ਪ੍ਰਬੰਧ ਅਨੁਸਾਰ ਕਿਸੇ ਅਧਿਆਪਕ ਨੂੰ ਇਹ ਜਿੰਮੇਵਾਰੀ ਸੌਂਪ ਦਵੇ ਜਾਂ ਉਹ ਆਪਣੇ ਪੱਧਰ ਤੇ ਜਿਸ ਤਰ੍ਹਾਂ ਠੀਕ ਲੱਗੇ, ਕਾਰਵਾਈ ਕਰ ਲਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**